# ਪਰਵਾਸੀ ਅਨੁਭਵ ਦੀ ਪੇਸ਼ਕਾਰੀ: ਨਾਵਲ ਵਨ ਵੇਅ

**ਡਾ. ਸਤਿੰਦਰ ਕੌਰ**
**ਅਸਿਸਟੈਂਟ ਪ੍ਰੋਫੈਸਰ, ਪੀ.ਜੀ. ਪੰਜਾਬੀ ਵਿਭਾਗ,**
**ਮਾਲਵਾ ਕਾਲਜ ਬੌਂਦਲੀ, ਸਮਰਾਲਾ।**

ਹਰਜੀਤ ਅਟਵਾਲ ਨੇ ਆਪਣੇ ਪਲੇਠੇ ਨਾਵਲ 'ਵਨ ਵੇਅ' ਨਾਲ ਪੰਜਾਬੀ ਨਾਵਲ ਜਗਤ ਵਿਚ ਪ੍ਰਵੇਸ਼ ਕੀਤਾ ਹੈ। ਇਹ ਉਸਦਾ ਬਰਤਾਨੀਆ ਵਿਚ ਵਸਦੇ ਪਰਵਾਸੀਆਂ ਦੇ ਜੀਵਨ ਅਨੁਭਵ ਨਾਲ ਨੇੜਿਉਂ ਜੁੜਿਆ ਨਾਵਲ ਹੈ। ਇਸ ਨਾਵਲ ਦਾ ਬਿਰਤਾਂਤ ਸੱਠਵਿਆਂ ਤੋਂ ਲੈ ਕੇ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਤੱਕ ਫੈਲਿਆ ਹੋਇਆ ਹੈ।

ਨਾਵਲ ਵਿਚਲੇ ਪਾਤਰ ਆਰਥਿਕ ਅਤੇ ਪਦਾਰਥਕ ਲਾਭਾਂ ਹਿਤ ਬਰਤਾਨੀਆ ਪਹੁੰਚਣਾ ਚਾਹੁੰਦੇ ਹਨ। ਪਹਿਲੇ ਪੜਾਅ ਉੱਤੇ ਉੱਥੇ ਰਹਿ ਕੇ ਚੋਖਾ ਧਨ ਕਮਾ ਕੇ ਪਿੱਛੇ ਵੀ ਮੁੜਨਾ ਚਾਹੁੰਦੇ ਹਨ। ਦੂਜੇ ਪੜਾਅ ਉੱਤੇ ਉੱਥੇ ਪੱਕੇ ਤੌਰ 'ਤੇ ਰਹਿਣ ਲਈ ਸੰਘਰਸ਼ ਕਰਦੇ ਹਨ। ਸਾਮੰਤੀ ਅਵਚੇਤਨ ਵਾਲੇ ਲੋਕਾਂ ਦੁਆਰਾ ਪਰਿਵਾਰਾਂ ਵਿਚ ਪੈਦਾ ਕੀਤੀ ਉਥਲ-ਪੁਥਲ ਨੂੰ ਵੀ ਦਰਸਾਇਆ ਹੈ।

ਅਟਵਾਲ ਨੇ ਸੁਰਜਨ ਸਿੰਘ ਦੇ ਪਾਤਰ ਰਾਹੀਂ ਸਮੂਹ ਪਰਵਾਸੀ ਪੰਜਾਬੀਆਂ ਦੀ ਮਾਨਸਿਕਤਾ ਅਤੇ ਜੀਵਨ ਅਨੁਭਵ ਨੂੰ ਚਿਤਰਿਆ ਹੈ। 'ਵਨ ਵੇਅ' ਦੇ ਵੱਖ-ਵੱਖ ਪਾਤਰਾਂ ਨੂੰ ਮਾਨਸਿਕ ਸੰਤਾਪ ਭੋਗਦੇ ਦਿਖਾਇਆ ਗਿਆ ਹੈ। ਇਸ ਮਾਨਸਿਕ ਉਥਲ-ਪੁਥਲ ਅਤੇ ਤ੍ਰਾਸਦੀ ਨੂੰ ਪੰਜਾਬੀ ਪਰਵਾਸੀ ਪਾਤਰਾਂ ਦੇ ਆਪਸੀ ਰਿਸ਼ਤਿਆਂ ਵਿਚ ਆ ਰਹੇ ਪਰਿਵਰਤਨ ਰਾਹੀਂ ਗਲਪੀਕ੍ਰਿਤ ਕੀਤਾ ਗਿਆ ਹੈ। ਨਾਵਲ ਦੇ ਕੇਂਦਰੀ ਪਾਤਰ ਸੁਰਜਨ ਸਿਘ ਦਾ ਟੀਚਾ ਬਰਤਾਨੀਆ ਵਿਚ ਸਥਾਪਿਤ ਹੋਣਾ ਨਹੀਂ ਬਲਕਿ ਕਮਾਈ ਕਰਕੇ ਵਾਪਸ ਪੰਜਾਬ ਚਲੇ ਜਾਣਾ ਹੈ। ਇਸ ਸੰਘਰਸ਼ ਵਿਚ ਹਾਲਾਤਾਂ ਹੱਥੋਂ ਕੁਚਲੇ ਜਾ ਰਹੇ ਪੰਜਾਬੀ ਪਰਵਾਸੀ ਪਾਤਰ ਸੁਰਜਨ ਸਿੰਘ, ਅਰਜਨ ਸਿੰਘ, ਸ਼ਿਵਰਾਜ ਸਿੰਘ, ਚਮਨ ਲਾਲ, ਗੁਰਨਾਮ ਸਿੰਘ, ਸਰੂਪ ਸਿੰਘ ਅਤੇ ਬਨਾਰਸੀ ਦਾਸ ਆਦਿ ਨੇ ਮਜ਼ਬੂਰ ਹੋ ਕੇ ਬਰਤਾਨੀਆ ਵਿਚ ਸਥਾਪਤੀ ਲਈ ਯਤਨ ਆਰੰਭਿਆ। ਇਹ ਇਥੇ ਸਥਾਪਿਤ ਹੋ ਕੇ ਪਰਿਵਾਰ ਨੂੰ ਮੰਗਵਾਉਣ ਲਈ ਹੀਲੇ ਵਸੀਲੇ ਕਰਦੇ ਹਨ।

ਸੁਰਜਨ ਸਿੰਘ ਦਾ ਮਕਸਦ ਵੀ ਇਕ ਲੱਖ ਰੁਪਇਆ ਕਮਾਉਣਾ ਸੀ ਜੋ ਉਹ ਕਮਾ ਚੁੱਕਾ ਸੀ ਪਰ ਪੈਸੇ ਘਰ ਭੇਜ ਭੇਜ ਕੇ ਉਸ ਕੋਲ ਇਕ ਲੱਖ ਰੁਪਏ ਜਮਾਂ ਨਹੀਂ ਸਨ ਹੋਏ। ਉਸਨੇ ਆਪਣੀ ਕਮਾਈ ਦਾ ਕਾਫ਼ੀ ਸਾਰਾ ਪੈਸਾ ਜ਼ਮੀਨ ਖਰੀਦਣ ਅਤੇ ਆਪਣੀ ਪਤਨੀ ਪਾਸ਼ੀ ਤੇ ਬੱਚਿਆਂ ਲਈ ਮਕਾਨ ਬਣਾਉਣ ਲਈ ਖਰਚ ਕਰ ਦਿੱਤਾ ਸੀ। ਉਸਨੂੰ ਪੰਜਾਬ ਅਤੇ ਪੰਜਾਬੀ ਸਭਿਆਚਾਰ ਨਾਲ ਅਥਾਹ ਪਿਆਰ ਹੈ। ਇਸੇ ਲਈ ਉਹ ਆਪਣੀ ਸ਼ਨਾਖਤ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹੈ। ਉਹ ਬਰਤਾਨੀਆ ਜਾ ਕੇ ਨਾ ਤਾਂ ਦਾੜ੍ਹੀ ਕਟਵਾਉਂਦਾ ਹੈ ਤੇ ਨਾ ਹੀ ਪੱਗ ਉਤਾਰਦਾ ਹੈ। ਇਸੇ ਲਈ ਉਸਨੂੰ ਕਈ ਪ੍ਰਕਾਰ ਦੇ ਨਸਲੀ ਵਿਤਕਰਿਆ ਦਾ ਸ਼ਿਕਾਰ ਹੋਣਾ ਪੈਂਦਾ ਹੈ।

> ਸੁਰਜਨ ਦੀ ਪੱਗ ਲੋਕਾਂ ਦਾ ਧਿਆਨ ਸਹਿਜੇ ਹੀ ਖਿੱਚ ਰਹੀ ਸੀ। ਕਈ ਆਦਰ ਦਿੰਦੇ ਤੇ ਕਈ ਉਸ ਵੱਲ ਨਫ਼ਰਤ ਭਰੀ ਨਜ਼ਰ ਵੀ ਸੁੱਟਦੇ। ਸਦਾ ਇਵੇਂ ਹੀ ਹੁੰਦੀ ਸੀ ਪੱਗ ਹੋਣ ਕਰਕੇ ਅੱਡ ਹੀ ਦਿਸਦਾ। ਅੱਡ ਦਿਸਣ ਲਈ ਤਾਂ ਦੇਸੀ ਰੰਗ ਹੀ ਕਾਫ਼ੀ ਸੀ ਉਪਰੋਂ ਦੀ ਪੱਗ। ਇਹੋ ਕਾਰਨ ਸੀ ਬਹੁਤ ਸਾਰੇ ਲੋਕ ਦਾੜ੍ਹੀ, ਪੱਗ ਤੋਂ ਵਿਹਲੇ ਹੋ ਰਹੇ ਸਨ। ਕੰਮ ਲੱਭਣ ਵਿਚ ਵੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ। ਸੁਰਜਨ ਭਾਵੇਂ ਧਾਰਮਿਕ ਨਹੀਂ ਸੀ ਪਰ ਪੱਗ ਉਸਨੂੰ ਆਪਣੇ ਸਭਿਆਚਾਰ ਦਾ ਹਿੱਸਾ ਜਾਪਦੀ। ਉਸਨੂੰ ਜਾਪਦਾ ਕਿ ਉਹ ਪੱਗ ਦਾੜ੍ਹੀ ਬਿਨਾਂ ਆਪਣਾ ਚਿਹਰਾ ਦੇਖ ਹੀ ਨਹੀਂ ਸਕਦਾ।[1]

ਅਮਾਂਡਾ ਬਰਤਾਨਵੀ ਮੂਲ ਦੀ ਆਸਟਰੇਲੀਅਨ ਨੌਜਵਾਨ ਖੂਬਸੂਰਤ ਤੇ ਗੋਰੀ ਪਾਤਰ ਹੈ, ਜੋ ਆਪਣੇ ਪੁਰਖਿਆਂ ਦੀ ਸਮਾਧ ਉਤੇ ਫੁੱਲ ਚੜ੍ਹਾਉਣ ਅਤੇ ਐਡਵੈਂਚਰ ਕਰਨ ਦੇ ਮਨੋਰਥ ਹਿਤ ਪੰਜ ਸਾਲ ਲਈ ਲੰਡਨ ਆਈ ਹੋਈ ਹੈ। ਸੁਰਜਨ ਦੇ ਸਪਸ਼ਟ ਮਾਰਕਸਵਾਦੀ ਵਿਗਿਆਨਕ ਵਿਚਾਰ ਅਤੇ ਸਭਿਆਚਾਰਕ ਦਿਖ ਬਾਰੇ ਕੀਤੀਆਂ ਗੱਲਾਂ ਅਮਾਂਡਾ ਦੇ ਮਨ ਵਿਚ ਸੁਰਜਨ ਲਈ ਖਿੱਚ ਪੈਦਾ ਕਰਦੀਆਂ ਹਨ। ਅਮਾਂਡਾ ਅਤੇ ਸੁਰਜਨ ਦੀ ਗੱਲਬਾਤ ਸਿਰਜਣਾ ਸਮੇਂ ਦੋਵਾਂ ਦੇ ਪਿਛੋਕੜ ਵਿਚ ਵਰਤਮਾਨ ਸੰਸਕ੍ਰਿਤੀਆਂ ਅਤੇ ਦੋਵਾਂ ਦੇ ਵਿਕਸਿਤ ਹੋ ਰਹੇ ਸਾਂਝੇ ਵਿਚਾਰਾਂ ਨੂੰ ਬਹੁਤ ਹੀ ਸੂਖਮਤਾ ਨਾਲ ਸਿਰਜਿਆ ਗਿਆ ਹੈ। ਅਮਾਂਡਾ ਨਾਲ ਸਾਂਝ ਪੈਦਾ ਹੋਣ ਪਿਛੋਂ ਸੁਰਜਨ ਦੇ ਪੂਰਬੀ ਮਨ ਵਿਚ ਗੁਨਾਹ ਭਾਵ ਉਪਜਦਾ ਹੈ:

> ਫਿਰ ਵੀ ਉਸਦੇ ਅੰਦਰ ਸਦਾ ਹੀ ਕੁਝ ਰੜਕਦਾ ਰਹਿੰਦਾ ਸੀ। ਇਹ ਸਭ ਕੀ ਸੀ ? ਕਿਸੇ ਅਤ੍ਰਿਪਤੀ ਦੀ ਪੂਰਤੀ ? ਪਾਸ਼ੀ ਨਾਲ ਬੇਵਫ਼ਾਈ ? ਧੀਆਂ ਨਾਲ ਦਗਾ ? ਉਸਨੂੰ ਕੋਈ ਜਵਾਬ ਨਾ ਔੜਦਾ .... ਕਦੇ-ਕਦੇ ਅਮਾਂਡਾ ਨਾਲ ਆਪਣੇ ਸੰਬੰਧਾਂ ਨੂੰ ਲੈ ਕੇ ਉਸ ਅੰਦਰ ਗੁਨਾਹ ਭਾਵਨਾ ਵੀ ਪੈਦਾ ਹੋਣ ਲੱਗਦੀ .... ।[2]

ਸੁਰਜਨ ਪ੍ਰਤਿਬੱਧ ਕਾਮਰੇਡ ਹੈ। ਸੁਰਜਨ ਦੀ ਸ਼ਖਸੀਅਤ ਉਸ ਦਰਿਆ ਵਰਗੀ ਹੈ। ਜਿਸਨੇ ਜ਼ਿੰਦਗੀ ਵਿਚ ਸਦਾ ਅੱਗੇ ਵਧਣਾ ਸਿੱਖਿਆ ਹੈ। ਯੂ ਟਰਨ ਜਾਂ ਪਿਛੇ ਮੁੜਨਾ ਉਸਦੀ ਜ਼ਿੰਦਗੀ ਦੇ ਅਸੂਲਾਂ ਵਿਚ ਸ਼ਾਮਿਲ ਨਹੀਂ। ਉਹ ਆਪਣੀਆਂ ਪੰਜ ਧੀਆਂ ਤੇ ਪਤਨੀ ਨੂੰ ਬਰਤਾਨੀਆ ਮੰਗਵਾ ਲੈਂਦਾ ਹੈ। ਉਸਦੀਆਂ ਧੀਆਂ ਨੂੰ ਸਕੂਲ ਵਿਚ ਉਸੇ ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ, ਜਿਹੜਾ ਕਦੇ ਸੁਰਜਨ ਸਿੰਘ ਨੇ ਆਪਣੇ ਪਿੰਡੇ 'ਤੇ ਹੰਢਾਇਆ ਸੀ:

> ਪਹਿਲੇ ਕੁਝ ਦਿਨ ਕੁੜੀਆਂ ਲਈ ਬਹੁਤ ਮੁਸ਼ਕਿਲ ਨਿਕਲੇ। ਓਪਰੀ ਧਰਤੀ, ਨਵੇਂ ਲੋਕ, ਅਜੀਬ ਜ਼ੁਬਾਨ। ਉਹਨਾਂ ਦਾ ਪਹਿਰਾਵਾ ਹੀ ਸਕੂਲ ਦੇ ਬੱਚਿਆਂ ਲਈ ਅਜੀਬ ਦਿੱਖ ਰੱਖਦਾ ਸੀ। ਸਲਵਾਰ ਸੂਟ ਸਭ ਲਈ ਨਵੀਂ ਚੀਜ਼ ਸੀ। ਜਿਸ ਦਿਨ ਸਲੇਟੀ ਰੰਗ ਦੀ ਵਰਦੀ ਲੈ ਲਈ ਉਸ ਦਿਨ ਇਸ ਪਾਸਿਉਂ ਕੁਝ ਰਾਹਤ ਮਿਲੀ। ਵੱਡੀਆਂ ਕੁੜੀਆਂ ਨੂੰ ਸਕਰਟ ਪਾਉਣੀ ਬਹੁਤ ਔਖੀ ਲੱਗੀ।[3]

ਜਿਉਂ ਹੀ ਪਰਿਵਾਰ ਬਰਤਾਨੀਆ ਪਹੁੰਚ ਜਾਂਦੇ ਹਨ ਤਾਂ ਇਸਦੇ ਨਾਲ ਹੀ ਪਰਵਾਸੀ ਬੱਚਿਆਂ ਤੇ ਪਤਨੀਆਂ ਦੀ ਵਲਾਇਤੀ ਸਮਾਜ ਮੁਤਾਬਿਕ ਸੋਚ ਅਤੇ ਜੀਵਨ ਜਾਚ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਇਥੇ ਹੀ ਉਹ ਦਵੰਦ ਵਿਚ ਫਸ ਜਾਂਦਾ ਹੈ ਕਿਉਂਕਿ ਪਰਵਾਸੀ ਅਤੇ ਉਸਦੀ ਪਤਨੀ ਜਗੀਰੂ ਕਦਰਾਂ-ਕੀਮਤਾਂ ਵਾਲੇ ਸਮਾਜ ਵਿਚ ਜੰਮੇ ਪਲੇ ਹਨ। ਜਗੀਰੂ ਕਦਰਾਂ ਕੀਮਤਾਂ ਉਨ੍ਹਾਂ ਨੂੰ ਬਰਤਾਨਵੀ ਸਭਿਆਚਾਰ ਮੁਤਾਬਿਕ ਪੂਰੀ ਤਰ੍ਹਾਂ ਚੱਲਣ ਨਹੀਂ ਦਿੰਦੀਆਂ। ਦੂਜੀ ਪੀੜ੍ਹੀ ਬਰਤਾਨੀਆ ਵਿਚ ਪਰਵਾਨ ਚੜ੍ਹਨ ਕਰਕੇ ਬਰਤਾਨਵੀ ਕਦਰਾਂ ਕੀਮਤਾਂ ਨਾਲ ਲਗਾਓ ਦਿਖਾਉਂਦੀ ਹੈ। ਸੋਚ ਅਤੇ ਜੀਵਨ ਜਾਚ ਦਾ ਇਹ ਫ਼ਰਕ ਦੋ ਪੀੜ੍ਹੀਆਂ ਲਈ ਕਈ ਅਣਕਿਆਸੇ ਸੱਚ ਜਾਹਿਰ ਕਰਦਾ ਹੈ।

ਸਾਂਸਕ੍ਰਿਤਕ ਰੂਪਾਂਤਰਣ ਦੀ ਮਿਸਾਲ ਸੁਰਿੰਦਰ ਅਤੇ ਸੁਖਵੀਰ ਦੁਆਰਾ ਪੱਬਾਂ ਅਤੇ ਕਲੱਬਾਂ ਵਿਚ ਜਾਣ ਸੰਬੰਧੀ ਦੇਖੀ ਜਾ ਸਕਦੀ ਹੈ। ਗੁਲਵੰਤ ਆਪਣੀ ਪਤਨੀ ਨੂੰ ਪੱਬ ਕਲੱਬ ਜਾਣ ਤੋਂ ਟੋਕਦਾ ਨਹੀਂ। ਰਾਜੂ ਨੂੰ ਪੁੱਛੇ ਬਿਨਾਂ ਸੁਖਵੀਰ ਤੈਰਾਕੀ ਲਈ ਆਪਣੀ ਭੈਣ ਤੇ ਜੀਜੇ ਨਾਲ ਚਲੀ ਜਾਂਦੀ ਹੈ, ਜਿਸ ਕਰਕੇ ਉਸਦੇ ਘਰ 'ਚ ਕਲੇਸ਼ ਪੈਂਦਾ ਹੈ। ਜਾਗੀਰਦਾਰੀ ਅਵਚੇਤਨ ਵਾਲੇ ਲੋਕ ਹੋਰ ਕਿਸਮ ਦੇ ਹਨ ਅਤੇ ਪੂੰਜੀਵਾਦੀ ਸਮਾਜ ਦੇ ਹੋਰ ਤਰ੍ਹਾਂ ਦੇ। ਸਾਮੰਤੀ ਅਵਚੇਤਨ ਵਾਲਾ ਸੁਖਵੀਰ ਦਾ ਪਤੀ ਉਸ ਨੂੰ ਆਪਣੀ ਨਿੱਜੀ ਸੰਪੰਤੀ ਬਣਾ ਕੇ ਰੱਖਣਾ ਚਾਹੁੰਦਾ ਹੈ। ਜਦਕਿ ਪੂੰਜੀਵਾਦੀ ਬਰਤਾਨਵੀ ਸਮਾਜ ਇਸਦੇ ਖਿਲਾਫ਼ ਹੈ। ਸੁਰਜਨ ਸਿੰਘ ਆਪਣੀਆਂ ਛੋਟੀਆਂ ਬੇਟੀਆਂ ਦੇ ਵਿਆਹ ਸੰਬੰਧੀ ਕਹਿੰਦਾ ਹੈ:

> ਹੁਣ ਅਸੀਂ ਕੁੜੀ ਏਦਾਂ ਨਹੀਂ ਵਿਆਹੁਣੀ, ਫਿਊਡਲ ਵੈਲਯੂ ਦੇ ਅਗੇਂਨਸਟ ਖੜਨੈਂ, ਏਦਾਂ ਦਾ ਮੁੰਡਾ ਲੱਭਣੈ ਜਿਹੜਾ ਕੁੜੀ ਨੂੰ ਓਨ ਨਾ ਕਰੇ, ਉਹਦੇ ਨਾਲ ਜ਼ਿੰਦਗੀ ਸ਼ੇਅਰ ਕਰੇ। ਹਰ ਫੈਸਲੇ ਵਿਚ ਕੁੜੀ ਬਰਾਬਰ ਦੀ ਹਿੱਸੇਦਾਰ ਹੋਵੇ।[4]

ਨਾਵਲਕਾਰ ਨੇ ਭਾਰਤ ਵਿਚ ਫੈਲੀ ਬੇਈਮਾਨੀ, ਗਰੀਬੀ ਅਤੇ ਰਿਸ਼ਵਤਖੋਰੀ ਨੂੰ ਬਾਖੂਬੀ ਚਿਤਰਿਆ ਹੈ। ਨਾਵਲ ਵਿਚਲੇ ਪਾਤਰਾਂ ਦੇ ਦੇਸ਼ ਰਹਿੰਦੇ ਰਿਸ਼ਤੇਦਾਰ ਵੀ ਕਿਸ ਤਰ੍ਹਾਂ ਪਦਾਰਥਵਾਦੀ ਹੋ ਗਏ ਹਨ। ਸੁਰਜਨ ਸਿੰਘ ਦਾ ਭਰਾ ਉਸਦਾ ਜ਼ਮੀਨ ਵਿਚੋਂ ਬਣਦਾ ਹਿੱਸਾ ਦੇਣ ਨੂੰ ਤਿਆਰ ਨਹੀਂ ਹੁੰਦਾ:

> ਮੈਂ ਗਿਆ ਸੀ ਪਹਿਲਾਂ ਤਾਂ ਸਿੱਧੇ ਮੂੰਹ ਕੋਈ ਗੱਲ ਨਹੀਂ ਸੀ ਕਰਦਾ। ਜਦ ਉਹਨਾਂ ਨੂੰ ਪਤਾ ਲੱਗਾ ਕਿ ਮੈਨੂੰ ਕੋਈ ਹਿੱਸਾ ਨਹੀਂ ਚਾਹੀਦਾ ਤਾਂ ਖੁੱਲ੍ਹ ਕੇ ਬੋਲਣ ਲੱਗਾ। ਬੋਤਲ ਵੀ ਲੈ ਕੇ ਆਇਆ, ਪਰ ਔਂਦੇ ਫਿਰ ਬਿਗੜ ਗਈ।[5]

'ਵਨ ਵੇਅ' ਵਿਚਲੇ ਹਰ ਪਰਵਾਸੀ ਪੰਜਾਬੀ ਨੂੰ ਮਤਲਬਪ੍ਰਸਤ ਰਿਸ਼ਤੇਦਾਰਾਂ ਹੱਥੋਂ ਲੁੱਟ ਦਾ ਸ਼ਿਕਾਰ ਬਣਨਾ ਪਿਆ। ਭਾਰਤੀ ਸਮਾਜ ਵਿਚ ਆਇਆ ਹਰ ਤਰ੍ਹਾਂ ਦਾ ਨਿਘਾਰ ਪਰਵਾਸੀ ਪੰਜਾਬੀਆਂ ਨੂੰ ਵਾਪਸ ਜਾ ਕੇ ਬਰਤਾਨੀਆ ਵਿਚ ਹੀ ਸੈਟਲ ਹੋਣ ਲਈ ਪ੍ਰੇਰਦਾ ਹੈ:

> ਦਿੱਲੀ ਏਅਰਪੋਰਟ ਤੇ ਉਤਰਦਿਆਂ ਸੁਰਜਨ ਨੂੰ ਧਰਤੀ ਨਾਲ ਅਜੀਬ ਜਿਹਾ ਮੋਹ ਜਾਗ ਉਠਿਆ.... ਕਸਟਮ ਅਧਿਕਾਰੀਆਂ ਦੀ ਤੱਕਣੀ ਕਿਸੇ ਨਸਲਵਾਦੀ ਗੋਰੇ ਤੋਂ ਘੱਟ ਘਿਨਾਉਣੀ ਨਹੀਂ ਸੀ। ਇੰਨੇ ਚਿਰ ਵਿਚ ਉਸਨੂੰ ਬਹੁਤ ਕੁਝ ਬਦਲਿਆ-ਬਦਲਿਆ ਜਾਪਿਆ। ਬੇਰੁਜ਼ਗਾਰੀ ਵੀ ਵਧ ਗਈ ਸੀ। ਉਸਨੂੰ ਮੁੜ ਅਧਿਕਾਰੀ ਮਿਲਣ ਦੀ ਸੰਭਾਵਨਾ ਖ਼ਤਮ ਹੋ ਚੁੱਕੀ ਸੀ। ਉਸ ਕੋਲ ਜੋ ਪੈਸੇ ਸਨ ਉਹ ਛੋਟਾ ਮੋਟਾ ਕੰਮ ਕਰਨ ਜੋਗੇ ਹੀ ਸਨ ਖੇਤੀ ਉਸਦੇ ਸੁਭਾਅ ਦੇ ਅਨੁਕੂਲ ਨਹੀਂ ਸੀ। ਇਕ ਵੀ ਅਜਿਹੀ ਗੱਲ ਨਹੀਂ ਸੀ ਜੋ ਉਸਨੂੰ ਭਾਰਤ ਮੁੜ ਆਉਣ ਲਈ ਉਤਸ਼ਾਹਿਤ ਕਰਦੀ।[6]

ਸੁਰਜਨ ਸਿੰਘ ਆਪਣੀਆਂ ਵੱਡੀਆਂ ਦੋ ਧੀਆਂ ਦੇ ਵਿਆਹੁਣ ਉਪਰੰਤ ਰਿਸ਼ਤੇਦਾਰੀਆਂ ਦੀ ਤ੍ਰਾਸਦਿਕ ਟੁੱਟ-ਭੱਜ ਵਿਚ ਘਿਰ ਜਾਂਦਾ ਹੈ। ਸੁਰਜਨ ਸਿੰਘ ਆਪਣੇ ਪਰਿਵਾਰ ਨੂੰ ਬਰਤਾਨੀਆ ਮੰਗਵਾ ਕੇ ਕਈ ਤਰ੍ਹਾਂ ਦੀਆਂ ਅਣਕਿਆਸੀਆਂ ਪਰਿਸਥਿਤੀਆਂ ਵਿਚ ਫਸ ਜਾਂਦਾ ਹੈ। ਉਸਦੇ ਜਵਾਈ ਆਪਣੇ ਭਰਾਵਾਂ ਨੂੰ ਇੰਗਲੈਂਡ ਸੈੱਟ ਕਰਨ ਹਿਤ ਛੋਟੀਆਂ ਕੁੜੀਆਂ ਦੇ ਰਿਸ਼ਤੇ ਮੰਗਦੇ ਹਨ। ਕੁੜੀਆਂ ਦੀ ਆਪੋ ਆਪਣੀ ਪਸੰਦ ਸੁਣ ਕੇ ਉਹ ਆਪਣੀਆਂ ਪਤਨੀਆਂ ਨੂੰ ਵੀ ਤਲਾਕ ਦੇ ਦਿੰਦੇ ਹਨ।

ਨਾਵਲੀ ਬਿਰਤਾਂਤ ਵਿਚ ਪਰਿਸਥਿਤੀਆਂ ਅਜਿਹਾ ਮੋੜ ਕੱਟਦੀਆਂ ਹਨ ਕਿ ਛੋਟੀ ਲੜਕੀ ਰਣਜੀਤ ਨੂੰ ਭੁਲੇਖੇ ਨਾਲ ਉਸਦਾ ਜੀਜਾ ਗੁਰਜੰਟ ਆਪਣੇ ਕਿਰਾਏ ਦੇ ਘਰ ਵਿਚ ਲਿਜਾ ਕੇ ਉਸਦੀ ਇੱਜ਼ਤ ਲੁੱਟਦਾ ਹੈ। ਇਸ ਬਲਾਤਕਾਰ ਦੀ ਫਿਲਮ ਬਣਾ ਕੇ ਉਸ ਨੂੰ ਬਲੈਕਮੇਲ ਕਰਕੇ ਆਪਣੇ ਭਰਾ ਨਾਲ ਵਿਆਹ ਕਰਨ ਲਈ ਕਹਿੰਦਾ ਰਿਹਾ। ਸਿੱਟੇ ਵਜੋਂ ਗੁਰਜੰਟ ਦਾ ਕਤਲ ਸੁਰਜਨ ਸਿੰਘ ਹੱਥੋਂ ਹੁੰਦਾ ਹੈ ਤੇ ਉਸਨੂੰ ਜੇਲ੍ਹ ਹੋ ਜਾਂਦੀ ਹੈ। ਡਾ. ਜਸਵਿੰਦਰ ਸਿੰਘ ਦਾ ਮਤ ਹੈ:

> 'ਵਨ ਵੇਅ' ਮੂਲ ਰੂਪ ਵਿਚ ਪੰਜਾਬੀ ਸਾਕਾਦਾਰੀ ਦੀ ਸ਼ਤਰੰਜ ਦਾ ਖੂਬਸੂਰਤ ਪ੍ਰਵਚਨ ਸਿਰਜਨ ਵਾਲਾ ਨਾਵਲ ਹੈ। ਪਰਵਾਸੀ ਜੀਵਨ ਅਨੁਭਵਾਂ ਦੇ ਤਿੱਖੇ ਉਤਰਾਵਾਂ ਚੜ੍ਹਾਵਾਂ ਦੀ ਤ੍ਰਾਸਦਿਕ ਪਰ ਸੰਘਰਸ਼ਮਈ ਗਾਥਾ ਹੈ, ਜੋ ਸਭਿਆਚਾਰ ਦੀਆਂ ਅਤਿਅੰਤ ਮਾਅਨੇਖੇਜ਼ ਤੇ ਸ਼ਕਤੀਸ਼ਾਲੀ ਪਰ ਅੰਤਰ ਵਿਰੋਧੀ ਜੀਵਨ ਵਿਧੀਆਂ ਦਾ ਨੰਗਾ ਸੱਚ ਬਿਆਨ ਕਰਦੀ ਹੈ।[7]

ਇਹ ਕਥਾ ਸੁਰਜਨ ਸਿੰਘ ਜਾਂ ਉਸਦੇ ਪਰਿਵਾਰ ਦੀ ਨਹੀਂ ਹੈ ਬਲਕਿ ਉਹ ਸਮੁੱਚੇ ਪਰਵਾਸੀ ਸਮੁਦਾਇ ਦੇ ਪ੍ਰਤੀਨਿੱਧ ਪਾਤਰ ਬਣਕੇ ਸਾਹਮਣੇ ਆਈ। ਜੋ ਕੁਝ ਸੁਰਜਨ ਦੀਆਂ ਪੰਜ ਧੀਆਂ ਨਾਲ ਵਾਪਰਦਾ ਹੈ। ਉਹ ਪਰਵਾਸੀ ਸਮੁਦਾਇ ਵਿਚ ਕਈ ਪਰਿਵਾਰਾਂ ਦੀ ਇਕ ਇਕ ਧੀ ਨਾਲ ਵਾਪਰ ਜਾਂਦਾ ਹੈ। ਸੁਰਜਨ ਸਿੰਘ ਦੀ ਹਰ ਧੀ ਦੇ ਅਸਫਲ ਵਿਆਹ ਦੀ ਕਹਾਣੀ ਦੇ ਕਾਰਨ ਅਲੱਗ ਹਨ। ਭਾਵੇਂ ਹਰੇਕ ਦਾ ਕੇਸ ਇਕ ਦੂਜੇ ਤੋਂ ਵੱਖਰਾ ਹੈ। ਨਾਵਲਕਾਰ ਜਿਥੇ ਭਾਰਤੀ ਸਮਾਜ ਵਿਚਲੀ ਰਿਸ਼ਤਿਆਂ ਦੀ ਮਤਲਬਪ੍ਰਸਤੀ ਅਤੇ ਪੰਜਾਬੀ ਮਰਦ ਦੀ ਜਗੀਰੂ ਸੋਚ ਨੂੰ ਨਿੰਦਦਾ ਹੈ, ਉਥੇ ਉਹ ਅਗਾਂਹਵਧੂ ਵਿਚਾਰਾਂ ਵਾਲੇ ਇਕਬਾਲ ਸਿੰਘ ਬੱਲ ਦੁਆਰਾ ਆਪਣੇ ਪੁੱਤਰ ਦੇ ਰਣਜੀਤ ਨਾਲ ਵਿਆਹ ਨੂੰ ਸਲਾਹੁੰਦਾ ਪ੍ਰਤੀਤ ਹੁੰਦਾ ਹੈ। ਉਹ ਵੀ ਇਹ ਸਾਰਾ ਕੁਝ ਪਰਵਾਸੀ

ਭਾਈਚਾਰੇ ਦੀਆਂ ਵੋਟਾਂ ਹਾਸਲ ਕਰਨ ਲਈ ਕਰਦਾ ਹੈ, ਪਰ ਪਰਮਜੀਤ ਦੁਆਰਾ ਆਪਣੇ ਪਿਆਰ ਲਈ ਹਮੇਸ਼ਾ ਵਿਆਕੁਲ ਰਹਿਣਾ ਪਰਵਾਸੀਆਂ ਦੀ ਦੂਜੀ ਪੀੜ੍ਹੀ ਦੁਆਰਾ ਬਰਤਾਨਵੀ ਮੁੱਲਾਂ ਦਾ ਧਾਰਨੀ ਹੋ ਜਾਣ ਦੀ ਸ਼ਾਹਦੀ ਭਰਦਾ ਹੈ।

## ਹਵਾਲੇ ਅਤੇ ਟਿੱਪਣੀਆਂ

**1**. ਹਰਜੀਤ ਅਟਵਾਲ, **ਵਨ ਵੇਅ,** ਪੰਨਾ 18

2. ਉਹੀ, ਪੰਨਾ 58

3. ਉਹੀ, ਪੰਨਾ 82

4. ਉਹੀ, ਪੰਨਾ 127

5. ਉਹੀ, ਪੰਨਾ 75

6. ਉਹੀ, ਪੰਨਾ 73

7. ਡਾ. ਹਰਚੰਦ ਸਿੰਘ ਬੇਦੀ, **ਪਰਵਾਸੀ ਪੰਜਾਬੀ ਸਾਹਿਤ ਸੰਦਰਭ ਕੋਸ਼,** ਭਾਗ ਪੰਜਵਾਂ, ਪੰਨਾ 378-79